a2zpapers.com

www.a2zpapers.com

**Exam. Code : 216501**
**Subject Code : 6553**

## M.A. Punjabi Semester—I

## MADHKALIN PUNJABI VARTAK

### Paper–V

Time Allowed—3 Hours] [Maximum Marks—80

**ਨੋਟ :** ਪਹਿਲੇ ਚਾਰ ਭਾਗਾਂ ਵਿੱਚੋਂ **ਇੱਕ-ਇੱਕ** ਸਵਾਲ ਕਰੋ ਜਦ ਕਿ ਪੰਜਵਾਂ ਭਾਗ ਲਾਜ਼ਮੀ ਹੈ।

**ਭਾਗ-ਪਹਿਲਾ**

1. ਮੱਧਕਾਲੀ ਵਾਰਤਕ ਦੇ ਇਤਿਹਾਸਕ ਪੱਖ 'ਤੇ ਚਾਨਣਾ ਪਾਓ। 15
2. ਮੱਧਕਾਲੀ ਵਾਰਤਕ ਦੇ ਅਧਿਆਤਮਕ ਅਤੇ ਰਹੱਸਵਾਦੀ ਪੱਖਾਂ ਦਾ ਵਿਸ਼ਲੇਸ਼ਣ ਕਰੋ। 15

**ਭਾਗ-ਦੂਜਾ**

3. ਜਨਮ ਸਾਖੀ ਦਾ ਭਾਸ਼ਾਈ ਵਿਸ਼ਲੇਸ਼ਣ ਕਰੋ। 15
4. ਜਨਮ ਸਾਖੀ ਪਰੰਪਰਾ 'ਤੇ ਚਾਨਣਾ ਪਾਓ। 15

**ਭਾਗ-ਤੀਜਾ**

5. ਜਨਮ ਸਾਖੀ ਮਿਹਰਬਾਨ ਵਾਲੀ ਦੇ ਸਾਹਿਤਕ ਪੱਖ ਬਾਰੇ ਲਿਖੋ। 15
6. ਗੁਰੂ ਗੋਬਿੰਦ ਸਿੰਘ ਜੀ ਦੀਆਂ ਸਾਖੀਆਂ ਵਿਚਲੇ ਮੂਲ ਸਰੋਕਾਰਾਂ ਦਾ ਵਰਣਨ ਕਰੋ। 15

**ਭਾਗ-ਚੌਥਾ**

7. ਹੇਠ ਲਿਖੇ ਵਾਰਤਕ ਟੋਟਿਆਂ ਵਿੱਚੋਂ ਕਿਸੇ **ਇੱਕ** ਦੀ ਵਿਹਾਰਕ ਆਲੋਚਨਾ ਕਰੋ :

   (ੳ) ਇੱਕ ਦਿਨ ਬਾਬਾ ਜੀਉ ਨਾਉਦਾ ਆਹਾ ਅਤੇ ਅੰਗਦੁ ਪਾਸਿ ਨਾਇ ਕਰ ਬਹਿ ਰਹਿਆ ਅਤੇ ਦਰਯਾਉ ਵਿਚੁ ਬਾਬਾ ਖੜਾ



www.a2zpapers.com www.a2zpapers.com
oad free old Question papers gndu, ptu hp board, punjab

a2zpapers.com

ਆਹਾ ਸਿਆਲ ਮਾਹੁ ਝਖੜ ਅਤੇ ਮੀਹੁ ਜੁ ਆਇਆ ਬਹੁਤੁ ਪਾਲਾ ਪਇਆ।। ਠੰਢ ਅਤੇ ਮੀਹੁ ਗੁਰੂ ਅੰਗਦੁ ਝਾਗਿਆ।। ਗਲਿ ਦੇ ਕਪੜੇ ਮੀਹੁ ਨਾਲਿ ਭਿਜ ਗਏ। ਗੁਰੂ ਅੰਗਦੁ ਜੋਗੁ ਠੰਢ ਪਸਰ ਗਈ।। ਬੇਸੁਰਤ ਹੋਇ ਕਰ ਡਿਗ ਪਇਆ।। ਜਦਿ ਬਾਬਾ ਬਾਹਰਿ ਨਿਕਲੇ ਬਸਤ੍ਰ ਪਹਰੇ ਡੰਡਉਤ ਸੇਵਾ ਕਰਿ ਪਹੁਚਿਆ।। ਤਾਂ ਅੰਗਦੁ ਪਾਸੁ ਗਇਆ।। ਆਇ ਕਰਿ ਲਤ ਮਾਰੀਉਸੁ। ਬਾਬੇ ਦੀ ਲਤਿ ਮਾਰਣੇ ਸਾਥਿ ਗੁਰੂ ਅੰਗਦ ਨੂ ਸੁਰਤਿ ਆਇ ਪਈ।। ਘੜਿ ਘੜਿ ਹੋਇ ਗਇਆ।। ਠੰਢ ਲਹਿ ਗਈ ਗਰਮੀ ਹੋਇ ਆਈ ਉਠਿ ਬੈਠਾ।। ਤਾ ਬਾਬਾ ਨਾਨਕੁ ਬੋਲਿਆ ਬਚਾ ਅੰਗਦਾ ਕਿਹ ਹੋਇਆ ਸਾ ਤੁਧੁ ਨੂੰ।। ਤਾ ਅੰਗਦੁ ਆਖਿਆ ਜੀ ਪਾਤਿਸਾਹ ਤੂ ਸਭ ਕਿਛੁ ਜਾਣਦਾ ਹੈ।। ਬਾਬੇ ਆਖਿਆ ਪਰੁ ਬਚਾ ਆਖਿ ਸੁਣਾਇ ਜਿ ਕਿ ਹੋਆ ਸਾ ਤੁਧੁ ਨੁ।। ਜੀ ਮੀਹ ਨਾਲਿ ਕਵਾਇ ਭਿਜ ਗਈ ਸੀ ਦੇਹ ਬਿਸੁਰਤਿ ਹੋਇ ਗਈ।। ਕਛੁ ਜਾਣਾ ਨਾਹੀ ਕਿ ਵਾਪਰਿਆ ਮੈਨੂੰ ਖਬਰ ਕਾਈ ਨਾ ਸੀਉ।। ਤਾ ਬਾਰੇ ਆਖਿਆ ਹੁਣਿ ਕਿ ਗਲ ਹੈ। ਕਹੈ ਜੀ ਤੇਰਾ ਸਦਕਾ ਹੁਣਿ ਜਾਣਦਾ ਹਾ ਕਿ ਕੋਟ ਸੂਰਜਾ ਦਾ ਬਲੁ ਆਤਮੇ ਹੋਇਆ ਹੈ ਤੇਰਾ ਸਦਕਾ ਗਰਮੀ ਆਈ।। ਬਾਬੇ ਆਖਿਆ ਭਲਾ ਬਚਾਂ ਹੁਣਿ ਸੁਖੀ ਹੈ।। ਕਹੈ ਜੀ ਸੁਖਾਲਾ ਹਾ।। ਤਾ ਬਾਬਾ ਬੋਲਿਆ ਜਿ ਬਚਾ ਹਉ ਜਿ ਏਹ ਘਾਲ ਕਰਦਾ ਹਾ ਸਿਖਾ ਹੀ ਦੇ ਲੀਏ ਕਰਦਾ ਹਾ।। ਬਚਾ ਤੁਸਾਡੇ ਥਾਇ ਹਉ ਸੇਵਾ ਕਰਦਾ ਹਾ।। ਤੁਸਾਡੇ ਬੁਤੇ ਏਹ ਸੇਵਾ ਨਾਹੀ ਹੋਦੀ। ਜਿ ਕੋਈ ਨਾਨਕੁ ਪੰਥੀ ਕਹਾਵੈਗਾ ਤਿਸ ਕੀ ਮੁਕਤੀ ਹੋਇਗੀ।। ਬਾਬਾ ਜੀ ਤਪਸਿਆ ਲਗਾ ਕਰਣਿ ਗੋਰਖੁ ਮਿਲਿਆ।। ਸਾਖੀ ਸੰਪੂਰਨ ਹੋਈ।।੨੫।।

**ਜਾਂ**



www.a2zpapers.com
www.a2zpapers.com www.a2zpapers.com
oad free old Question papers gndu, ptu hp board, punjab

a2zpapers.com

(ਅ) ਤਾਰੂ ਪੋਪਟ ਸਿਖ ਪਹਿਲੀ ਪਾਤਸਾਹੀ ਨੂੰ ਮਿਲਿਆ ਹੈ। ਬਰਸਾਂ ਦਸਾਂ ਦੀ ਆਰਜਾ ਉਸਦੀ ਹੈਸੀ। ਸਾਹਿਬ ਦੇ ਦਰਸਨ ਨੂੰ ਆਇਆ ਤੇ ਅਰਦਾਸ ਕੀਤੀਅਸੁ : ਜੋ ਗਰੀਬ ਨਿਵਾਜ ਸੁਣਿਆ ਹੈ ਜੋ ਸੰਤਾਂ ਨੂੰ ਮਿਲਦਾ ਹੈ ਤਿਸ ਨੂੰ ਸ਼ਾਂਤ ਪ੍ਰਾਪਤ ਹੁੰਦੀ ਹੈ। ਮੈਂ ਭੀ ਤੁਸਾਡੀ ਸਰਨਿ ਆਇਆ ਹਾਂ। ਤਾ ਸਾਹਿਬ ਬਚਨੁ ਕੀਤਾ : ਭਾਈ ਤਾਰੂ ਅਜੇ ਤੇਰੀ ਛੋਟੀ ਅਵਸਥਾ ਹੈ, ਤੁਧ ਆਪਣੇ ਘਰ ਬਾਰ ਦਾ ਸੁਖ ਕੋਈ ਨਹੀਂ ਮਾਣਿਆ, ਤੈਨੇ ਪਰਮੇਸਰ ਦੀ ਗੱਲ ਕਿਥੋਂ ਜਾਤੀ ਹੈ ? ਤਾਂ ਅਗੋਂ ਬੋਲਿਆ : ਜੋ ਜੀ ਮੇਰੀ ਮਾਈ ਅਗਨਿ ਜਲਾਵਣ ਲਗੀ ਸੀ, ਜੋ ਪਹਿਲੇ ਨਿਕੀਆਂ ਲਕੜੀਆਂ ਨੂੰ ਅਗਨਿ ਲਗੀ ਤਾਂ ਪਿਛੋਂ ਵਡੀਆਂ ਭੀ ਬਲੀਆਂ, ਤਾਂ ਮੇਰੇ ਮਨ ਵਿੱਚ ਭੈ ਆਇਆ ਜੇ ਮੈਂ ਭੀ ਸਾਧਾਂ ਨੂੰ ਮਿਲਾਂ ਜੋ ਮੇਰੀ ਭੀ ਕਲਿਆਣ ਹੋਵੇ। ਮ੍ਰਿਤੁ ਦਾ ਵਿਸਾਹੁ ਕਿਛੁ ਨਹੀਂ। ਤਾਂ ਸਾਹਿਬ ਬਚਨੁ ਕੀਤਾ। ਤਾਰੂ ਤੂ ਕੁਲਤਾਰੂ ਹੋਵੇਂਗਾ। ਧਰਮ ਦੀ ਕ੍ਰਿਤ ਕਰਕੇ ਵੰਡ ਖਾਵਣਾ, ਤੇ ਜੋ ਸਾਸ ਅੰਦਰ ਆਵੇ ਸੋ ਵਾਹਿਗੁਰੂ ਜਪਣਾ ਤੇ ਬਾਹਰਿ ਜਾਵੇ ਤਾਂ ਵਾਹਿਗੁਰੂ ਜਪਣਾ, ਤੇ ਮਨੁ ਰਾਗ ਦਵੈਖ ਤੇ ਸੁਧ ਕਰਣਾ। ਏਕ ਰਾਜੇ ਨੇ ਫਟਕ ਦਾ ਮੰਦਰੁ ਬਣਾਇਆ ਸੀ ਤੇ ਇਕ ਦਿਵਾਰ ਵਿਚ ਮੂਰਤਾਂ ਸੁਵਰਨ ਦੀਆਂ ਤੇ ਨਗਾਂ ਜੜੀਆਂ ਸੀ। ਤੇ ਇਕਨਾਂ ਨੇ ਦੂਜੀ ਦੀਵਾਰ ਘੋਟ ਸੁੱਧ ਕੀਤੀ ਸੀ, ਸਭੇ ਮੂਰਤਾਂ ਓਸੇ ਵਿਚ ਭਾਸਣ ਲਗੀਆਂ। ਤਾਂ ਤੇ ਰਿਦੇ ਸੁਧ ਵਿਚ ਸਭੇ ਗੁਣ ਭਾਸਤੇ ਹੈਨਿ। ਇਸੇ ਤਰ੍ਹਾਂ ਭਾਈ ਤਾਰੂ ਵਰਤੇ, ਤੇ ਧਰਮ ਦੀ ਕ੍ਰਿਤ ਕਰੇ ਤੇ ਸਦਾ ਭਜਨ ਕਰੇ ਤੇ ਆਇਆਂ ਸਿਖਾਂ ਦੀ ਸੇਵਾ ਕਰੇ, ਤੇ ਤੁਰਨ ਤਾਂ ਨਾਲ ਜਾਇਕੈ ਪਹੁੰਚਾਇ ਆਵੈ। ਸਭਨਾਂ ਨਾਲ ਭਾਉ ਭਗਤਿ ਕਰੇ। ਤਿਸੁ ਦਾ ਉਧਾਰੁ ਇਸੇ ਤਰ੍ਹਾਂ ਹੋਇਆ।।੧।।

15



www.a2zpapers.com www.a2zpapers.com
oad free old Question papers gndu, ptu hp board, punjab

a2zpapers.com

www.a2zpapers.com

## ਭਾਗ-ਪੰਜਵਾਂ

8. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(ੳ) ਪਰਚੀ ਕੀ ਹੁੰਦੀ ਹੈ ਇਹਦੀ ਪਰਿਭਾਸ਼ਾ ਦਿਓ।

(ਅ) ਮਸਲੇ ਤੇ ਸੁਖਨ ਵਿੱਚ ਅੰਤਰ ਦੱਸੋ।

(ੲ) ਸਹਿਜ ਜੋਗ ਦੇ ਲੱਛਣਾਂ ਦਾ ਵਰਣਨ ਕਰੋ।

(ਸ) ਜਨਮ ਸਾਖੀ ਕੀ ਹੁੰਦੀ ਹੈ ? ਕੋਈ ਚਾਰ ਜਨਮ ਸਾਖੀਆਂ ਦੇ ਨਾਂ ਲਿਖੋ।

(ਹ) ਪਰਮਾਰਥ ਤੋਂ ਕੀ ਭਾਵ ਹੈ ? ਇਹਦੀ ਪਰਿਭਾਸ਼ਾ ਦਿਓ।

(ਕ) ਗੋਸ਼ਟਿ ਦੇ ਉਦੇਸ਼ ਦਾ ਵਰਣਨ ਕਰੋ।

(ਖ) ਬਿਬੇਕ ਪ੍ਰਸ਼ਨੋਤਰੀ ਤੋਂ ਕੀ ਭਾਵ ਹੈ ?

(ਗ) ਨਿਹਕਾਮ ਪੁਰਖ ਕੌਣ ਹੁੰਦਾ ਹੈ ਉਸ ਬਾਰੇ ਦੱਸੋ।

(ਘ) ਪਾਰਸ ਭਾਗ ਦਾ ਕਰਤਾ ਕੌਣ ਹੈ ? ਇਸ ਵਿੱਚ ਕੀ ਦਸਿਆ ਹੈ ?

(ਙ) ਰਹਿਤਨਾਮੇ ਤੇ ਸ਼ਰੀਅਤ ਵਿੱਚ ਕੀ ਅੰਤਰ ਹੈ ?

10×2=20



www.a2zpapers.com www.a2zpapers.com
oad free old Question papers gndu, ptu hp board, punjab